# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 01 ਜੁਲਾਈ 2025 ਦਿਨ ਮੰਗਲਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਕੈਨੇਡਾ ਵਿੱਚ ਗਦਰੀ ਯੋਧਿਆਂ ਨੂੰ ਯਾਦ ਕੀਤਾ

### ਕਾਮਯਾਬ ਰਹੀ 11ਵੀਂ ਵਰਲਡ ਪੰਜਾਬੀ ਕਾਨਫਰੰਸ

### ਸੰਤ ਬਲਬੀਰ ਸਿੰਘ ਸੀਚੇਵਾਲ ਨੇ ਉੱਚੇਚੀ ਹਾਜ਼ਰੀ ਲਗਵਾਈ

ਵਰਲਡ ਪੰਜਾਬੀ ਟਾਈਮਜ਼ ਹਰਦੇਵ ਚੌਹਾਨ




ਚੰਡੀਗੜ੍ਹ, 1 ਜੁਲਾਈ : ਬਰੈਂਮ ਪਟਨ, ਕੈਨੇਡਾ ਵਿਖੇ ਪੰਜਾਬੀ ਸਭਾ, ਓਨਟਾਰੀਓ ਫ਼ਰੈਂਡ ਕਲੱਬ ਤੇ ਪਬਪਾ ਵਲੋਂ 27 ਤੋਂ 29 ਜੂਨ ਤੀਕ ਤਿੰਨ ਰੋਜਾ ਵਰਲਡ ਪੰਜਾਬੀ ਕਾਨਫਰੰਸ ਕਰਵਾਈ ਗਈ ਜਿਸ ਦੀ ਸ਼ੁਰੂਆਤ 'ਓ ਕਨੇਡਾ' ਰਾਸ਼ਟਰੀ ਸ਼ਬਦ ਗਾਇਣ ਨਾਲ ਹੋਈ। ਕਾਨਫਰੰਸ ਦਾ ਉਦਘਾਟਨ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਆਪਣੇ ਕਰ ਕਮਲਾ ਨਾਲ ਰਿਬਨ ਕੱਟ ਕੇ ਕੀਤਾ। ਸ਼ਮਾ ਰੌਸ਼ਨ ਕਰਨ ਦੀ ਰਸਮ ਹਰਕੀਰਤ ਸਿੰਘ ਡਿਪਟੀ ਮੇਅਰ ਬਰੈਂਪਟਨ, ਮੈਟ ਮਹੋਨੀ, ਡਿਪਟੀ ਮੇਅਰ ਮਿਸੀਸਾਗਾ, ਅਮਨਦੀਪ ਸੋਢੀ ਐਮ. ਪੀ, ਅਮਰਜੀਤ ਸਿੰਘ ਗਿੱਲ , ਐਮ ਪੀ, ਅਮਨਜੋਤ ਸਿੰਘ ਸੰਧੂ, ਐਮ. ਪੀ. ਪੀ., ਪਾਲ ਵਿਨੇਤੀ , ਸਿਟੀ ਕੌਂਸਲਰ, ਮਨਿੰਦਰ ਸਿੰਘ ਸਿੱਧੂ, ਮਨਿਸਟਰ ਕਨੇਡਾ ਸਰਕਾਰ , ਸੋਨੀਆ ਸਿੱਧੂ ਐਮ. ਪੀ, ਸੂ ਮਕਫੈਡਨ, ਸਿਟੀ ਕੌਂਸਲਰ, ਨੈਟਲੀ ਹਾਰਟ, ਸਿਟੀ ਕੌਂਸਲਰ, ਨਵਜੀਤ ਬਰਾੜ ਕੌਂਸਲਰ ਆਦਿ ਨੇ ਕੀਤੀ। ਸਾਰੇ ਨੇਤਾਵਾਂ ਨੇ ਕਾਨਫਰੰਸ ਦਾ ਪ੍ਰਬੰਧ ਕਰਨ ਲਈ ਚੇਅਰਮੈਨ ਅਜੈਬ ਸਿੰਘ ਚੱਠਾ ਅਤੇ ਸਾਰੀ ਟੀਮ ਨੂੰ ਮੁਬਾਰਕ ਦਿਤੀ ।

ਜਗਤ ਪੰਜਾਬੀ ਸਭਾ ਵੱਲੋਂ ਪਹਿਲਾਂ ਕਰਵਾਈਆਂ 10 ਕਾਨਫਰੰਸਾਂ ਬਾਰੇ ਡਾਕੂਮੈਂਟਰੀ ਦਿਖਾਈ ਗਈ । ਅਕਾਦਮਿਕ ਸੈਸ਼ਨ ਵਿਚ ਡਾ. ਮਨਪ੍ਰੀਤ ਕੌਰ ਵੱਲੋਂ ਮੁਖ ਭਾਸ਼ਣ 'ਪੰਜਾਬੀ ਭਾਸ਼ਾ ਦਾ ਵਰਤਮਾਨ' ਬਾਰੇ ਦਿੱਤਾ ਗਿਆ ਪਿਆਰਾ ਸਿੰਘ ਕੁਦੋਵਾਲ ਵੱਲੋਂ 'ਗਦਰੀ ਯੋਧਿਆਂ ਦਾ ਅਜ਼ਾਦੀ ਵਿਚ ਯੋਗਦਾਨ' ਬਾਰੇ ਭਾਸ਼ਣ ਦਿੱਤਾ ਗਿਆ । ਇਹਨਾਂ ਵਿਸ਼ਿਆਂ ਉੱਪਰ ਡਾ. ਸਾਇਮਾ ਬਤੂਲ ਅਤੇ ਡਾ. ਸਤਿੰਦਰ ਕੌਰ ਕਾਹਲੋਂ ਵਲੋਂ ਤਿਆਰ ਕੀਤੀਆਂ ਡਾਕੂਮੈਂਟਰੀਆ ਦਿਖਾਈਆਂ ਗਈਆ। ਸੰਚਾਲਨ ਸੰਤੋਖ਼ ਸਿੰਘ ਸੰਧੂ ਤੇ ਰਵਿੰਦਰ ਸਿੰਘ ਨੇ ਕੀਤਾ।




ਤੀਸਰੇ ਸੈਸ਼ਨ ਦੀ ਪ੍ਰਧਾਨਗੀ ਡਾ.ਅਰਵਿੰਦਰ ਸਿੰਘ ਢਿੱਲੋਂ , ਮੀਤ ਪ੍ਰਧਾਨ ਪੰਜਾਬ ਸਾਹਿਤ ਅਕਾਦਮੀ ਨੇ ਕੀਤੀ । ਬੁਲਾਰੇ , ਹਰਵਿੰਦਰ ਸਿੰਘ ਖਾਲਸਾ, ਕੁਲਦੀਪ ਸਿੰਘ ਢੀਂਡਸਾ, ਡਾਕਟਰ ਹਰਵਿੰਦਰ ਕੌਰ ਤੇ ਡਾ. ਸੁਖਵਿੰਦਰ ਸਿੰਘ ਅਰੋੜਾ ਸਨ। ਚੌਥੇ ਅਕਾਦਮਿਕ ਸੈਸ਼ਨ ਦਾ ਸੰਚਾਲਨ, ਡਾ. ਰਮਨੀ ਬਤਰਾ ਨੇ ਕੀਤਾ ਜਿਸ ਵਿਚ ਵਿਦਵਾਨਾਂ ਦੁਆਰਾ 'ਗਦਰੀ ਯੋਧਿਆਂ ਦਾ ਅਜ਼ਾਦੀ ਵਿਚ ਯੋਗਦਾਨ' ਉਪਰ ਖੋਜ ਪੱਤਰ ਪੜ੍ਹੇ ਗਏ ।

ਕਵੀ ਦਰਬਾਰ ਦਾ ਸੰਚਾਲਨ ਹਲੀਮਾ ਸਾਦੀਆ ਵੱਲੋਂ ਕੀਤਾ ਗਿਆ ਜਿਸ ਵਿੱਚ ਕਰਨ ਅਜੈਬ ਸੰਘਾ, ਸੁਰਿੰਦਰ ਸੁਰ, ਸੁਜਾਨ ਸਿੰਘ, ਜਸਪਾਲ ਸਿੰਘ ਦੇਸੂਹੀ, ਮਹਿੰਦਰ ਪ੍ਰਤਾਪ, ਗੁਰਮੇਲ ਸਿੰਘ ਢਿੱਲੋਂ, ਗਿਆਨ ਸਿੰਘ ਘਈ, ਬਲਜੀਤ ਕੌਰ ਝੂਟੀ, ਡਾ. ਹਰਮਿੰਦਰ ਕੌਰ, ਪਿਆਰਾ ਸਿੰਘ ਕੁੱਦੋਵਾਲ, ਸਲੀਮ ਪਾਸ਼ਾ, ਡਾ. ਵਸੀਮ ਗੁਰਦੇਜੀ, ਪ੍ਰੋ. ਬਲਵਿੰਦਰ ਕੌਰ, ਸੁਖਜੀਤ ਚੀਮਾ ਤੇ ਮਨਜੀਤ ਕੌਰ ਨੇ ਹਾਜ਼ਰੀ ਲਗਵਾਈ।

29 ਜੂਨ ਵਾਲੇ ਅਖੀਰਲੇ ਅਕਾਦਮਿਕ ਸੈਸ਼ਨ ਦਾ ਸੰਚਾਲਨ ਦਲਜੀਤ ਕੌਰ ਸੰਧੂ ਨੇ ਕੀਤਾ ਜਿਸ ਵਿੱਚ ਬਹੁਤ ਸਾਰੇ ਵਿਦਵਾਨਾਂ ਨੇ ਪੰਜਾਬੀ ਭਾਸ਼ਾ ਅਤੇ ਗਦਰੀ ਯੋਧਿਆਂ ਬਾਰੇ ਆਪਣੇ ਖੋਜ ਪੇਪਰ ਪੜੇ, ਜਿਨ੍ਹਾਂ ਵਿੱਚ ਰਵਿੰਦਰ ਕੌਰ ਰੰਧਾਵਾ, ਪ੍ਰਭਜੋਤ ਕੌਰ, ਸੁਖਜੀਤ ਕੌਰ, ਹਰਜੁਮਤ ਸਿੰਘ ਮੱਲੀ, ਸੰਤੋਖ ਜੱਸੀ, ਰਾਣਾ ਸੋਢੀ, ਮਹਿੰਦਰ ਸਿੰਘ ਕੈਂਥ, ਗੁਰਦਰਸ਼ਨ ਸਿੰਘ ਸ਼ੀਰਾ ਦੇ ਨਾਮ ਜ਼ਿਕਰਯੋਗ ਹਨ। ਇਸ ਕਾਨਫਰੰਸ ਵਿੱਚ ਦੋ ਕਿਤਾਬਾਂ ਰਿਲੀਜ਼ ਕੀਤੀਆਂ ਗਈਆਂ ਜਿਨ੍ਹਾਂ ਵਿੱਚੋਂ ਇੱਕ ਕਿਤਾਬ ਜਸ ਗੁਰੀ ਦੀ ਲਿਖੀ ਹੋਈ ਸੀ ਅਤੇ ਦੂਸਰੀ ਕਿਤਾਬ 'ਜੀਓ ਖੁਬਸੂਰਤ ਜ਼ਿੰਦਗੀ' ਅਜੈਬ ਸਿੰਘ ਚੱਠਾ ਅਤੇ ਭੁਪਿੰਦਰ ਸਿੰਘ ਭਾਈਖੇਲ ਦੁਆਰਾ ਸੰਪਾਦਿਤ ਕੀਤੀ ਗਈ ਸੀ। ਅਕਾਦਮਿਕ ਸੈਸ਼ਨ ਦਾ ਸੰਚਾਲਨ ਅਮਨਦੀਪ ਕੌਰ ਗਿੱਲ ਨੇ ਕੀਤਾ। ਇਸ ਸੈਸ਼ਨ ਵਿੱਚ ਵਿਦਵਾਨਾਂ ਨੇ 'ਗਦਰੀ ਯੋਧਿਆਂ ਅਤੇ ਪੰਜਾਬੀ ਭਾਸ਼ਾ' ਬਾਰੇ ਆਪਣੇ ਖੋਜ ਪੱਤਰ ਪੜ੍ਹੇ ਜਿਨ੍ਹਾਂ ਵਿੱਚ ਡਾ.ਤਰਸੇਮ ਸਿੰਘ ਭਿੰਡਰ, ਰਸ਼ਪਾਲ ਸਿੰਘ ਕੁਨਰ, ਡਾ. ਸੁਖਦੇਵ ਸਿੰਘ ਰੰਧਾਵਾ ਅਤੇ ਡਾ. ਲਖਵਿੰਦਰ ਸਿੰਘ ਗਿੱਲ ਸ਼ਾਮਿਲ ਸਨ।

ਈਸਟ ਵੁਡ ਸੀ. ਬੀ. ਡਿਵੈਲਪਰ ਵੱਲੋਂ ਸੁਰਜੀਤ ਪਾਤਰ ਅਵਾਰਡ ਅਤੇ ਅਮ੍ਰਿਤਾ ਪ੍ਰੀਤਮ ਅਵਾਰਡ ਦਿੱਤੇ ਗਏ। ਇਹ ਅਵਾਰਡ ਸੰਤ ਬਲਵੀਰ ਸਿੰਘ ਸੀਚੇਵਾਲ ਅਤੇ ਨਿਰਮਲ ਰਿਸ਼ੀ ਫਿਲਮੀ ਅਦਾਕਾਰਾਂ ਨੂੰ ਦਿੱਤੇ ਗਏ ਜਿਨ੍ਹਾਂ ਵਿੱਚ ਸਨਮਾਨ ਤੋਂ ਬਿਨਾਂ ਨਗਦ ਰਾਸ਼ੀ ਵੀ ਸ਼ਾਮਿਲ ਸੀ।

ਬਾਬਾ ਹਰਨਾਮ ਸਿੰਘ, ਬਾਬਾ ਧੰਨਾ ਸਿੰਘ, ਬਾਬਾ ਗੁਰਦਿੱਤ ਸਿੰਘ ਅਤੇ ਸ਼ਹੀਦ ਭਗਤ ਸਿੰਘ ਦੇ ਪਰਿਵਾਰਕ ਮੈਂਬਰਾਂ ਵੱਲੋਂ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰੀ ਗਈ ਅਤੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ।

ਅਖੀਰਲੇ ਸੈਸ਼ਨ ਵਿੱਚ ਡਾ. ਮਨਪ੍ਰੀਤ ਕੌਰ ਨੇ ਛੇ ਮਤੇ ਪੜ੍ਹੇ ਜੋ ਸਰਬ ਸੰਮਤੀ ਨਾਲ ਪਾਸ ਹੋਏ ਅਤੇ ਡਾ. ਅਰਵਿੰਦਰ ਸਿੰਘ ਢਿੱਲੋਂ ਨੇ ਕਾਨਫਰੰਸ ਦੀ ਰਿਪੋਰਟ ਪੜ੍ਹੀ। ਇਸ ਸੈਸ਼ਨ ਦਾ ਸੰਚਾਲਨ ਅਜੈਬ ਸਿੰਘ ਚੱਠਾ, ਚੇਅਰਮੈਨ ਕਾਨਫਰੰਸ ਨੇ ਕੀਤਾ। ਇਸ ਸੈਸ਼ਨ ਦੇ ਮੁੱਖ ਮਹਿਮਾਨ, ਗਰੀਸ ਜਨੇਜਾ, ਕੌਂਸਲ (ਵੇਲਫ਼ੇਅਰ) ਕੌਂਸਲੇਟ ਜਨਰਲ ਆਫ ਇੰਡੀਆ ਟੋਰਾਂਟੋ ਸਨ। ਇਸ ਮੌਕੇ ਯੁੱਧਵੀਰ ਜਸਵਾਲ ਅਤੇ ਰਜਿੰਦਰ ਸਿੰਘ ਸੈਣੀ ਨੇ ਆਪਣੇ ਵਿਚਾਰ ਦਿੱਤੇ।

ਕਲਚਰ ਪ੍ਰੋਗਰਾਮ 'ਚ ਗੀਤ ਸੰਗੀਤ ਦੇ ਨਾਲ ਪ੍ਰਿੰਸੀਪਲ ਸਰਵੰਤ ਕੌਰ ਨੇ ਪੰਜਾਬੀ ਸੱਭਿਆਚਾਰ ਦਾ ਪ੍ਰਗਟਾਵਾ ਕੀਤਾ। ਮੁੱਖ ਮਹਿਮਾਨ ਵੱਲੋਂ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਗਿਆ ਤੇ ਮਹਿਮਾਨਾਂ ਸਮੇਤ ਪ੍ਰਬੰਧਕਾਂ ਨੂੰ ਸਨਮਾਨ ਪੱਤਰ ਦਿੱਤੇ ਗਏ ਤੇ ਇਹ ਕਾਨਫਰੰਸ ਅਮਿਟ ਯਾਦਾਂ ਛੱਡਦੀ ਸਮਾਪਤ ਹੋਈ।

## ਸੱਚਖੰਡ ਵਾਸੀ ਸੰਤ ਜਸਵੀਰ ਸਿੰਘ ਖ਼ਾਲਸਾ ਦੀ ਯਾਦ 'ਚ ਕਾਲਾਮਲ੍ਹਾ ਸਾਹਿਬ ਵਿਖੇ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ

### ਖ਼ੂਨਦਾਨੀਆਂ ਨੇ 53 ਯੂਨਿਟ ਖ਼ੂਨਦਾਨ ਕੀਤਾ।

ਵਰਲਡ ਪੰਜਾਬੀ ਟਾਈਮਜ਼ ਜਗਮੋਹਨ ਸ਼ਾਹ ਰਾਏਸਰ

ਮਹਿਲ ਕਲਾਂ,1 ਜੁਲਾਈ : ਸੱਚਖੰਡ ਵਾਸੀ ਸੰਤ ਬਾਬਾ ਜਸਵੀਰ ਸਿੰਘ ਖ਼ਾਲਸਾ ਕਾਲਾਮਲ੍ਹਾ ਦੀ ਸਾਲਾਨਾ ਬਰਸੀ ਮੌਕੇ 26ਵਾਂ ਵਿਸ਼ਾਲ ਖ਼ੂਨਦਾਨ ਕੈਂਪ ਗੁਰਦੁਆਰਾ ਸਿੱਧਸਰ ਕਾਲਾਮਲ੍ਹਾ ਸਾਹਿਬ ਛਾਪਾ ( ਬਰਨਾਲਾ) ਵਿਖੇ ਪ੍ਰੈੱਸ ਕਲੱਬ ਰਜਿ: ਮਹਿਲ ਕਲਾਂ ਵੱਲੋ ਗ੍ਰਾਮ ਪੰਚਾਇਤ, ਯੂਥ ਕਲੱਬਾਂ ਦੇ ਸਹਿਯੋਗ ਨਾਲ ਲਗਾਇਆ ਗਿਆ। ਜਿਸ ਦਾ ਉਦਘਾਟਨ ਭਾਈ ਸੁਰਜੀਤ ਸਿੰਘ ਠੀਕਰੀਵਾਲਾ ਮੈਨੇਜਰ ਗੁਰਦੁਆਰਾ ਬਾਬਾ ਗਾਂਧਾ ਸਿੰਘ ਬਰਨਾਲਾ ਨੇ ਕੀਤਾ। ਉਨ੍ਹਾਂ ਕਿਹਾ ਕਿ ਅਜਿਹੇ ਕੈਂਪਾਂ ਦਾ ਆਯੋਜਨ ਪਿੰਡ-ਪਿੰਡ ਹੋਣਾ ਚਾਹੀਦਾ ਹੈ, ਤਾਂ ਜੋ ਨੌਜਵਾਨ ਪੀੜ੍ਹੀ ਸਮਾਜਿਕ ਬੁਰਾਈਆਂ ਤੋਂ ਬਚਾ ਕੇ ਸਮਾਜ ਸੇਵੀ ਕਾਰਜਾਂ 'ਚ ਉਨ੍ਹਾਂ ਦੀ ਰੁਚੀ ਬਣਾਈ ਜਾ ਸਕੇ। ਉਨ੍ਹਾਂ ਸੰਤ ਜਸਵੀਰ ਸਿੰਘ ਖਾਲਸਾ ਵਲੋਂ ਧਾਰਮਿਕ ਖੇਤਰ ਅਤੇ ਸਮਾਜ ਸੇਵਾ ਦੇ ਖੇਤਰ 'ਚ ਪਾਏ ਅਹਿਮ ਯੋਗਦਾਨ ਦੀ ਸ਼ਲਾਘਾ ਕੀਤੀ। ਮੁੱਖ ਮਹਿਮਾਨ ਸਾਬਕਾ ਮੈਂਬਰ ਪਾਰਲੀਮੈਂਟ ਸ: ਰਾਜਦੇਵ ਸਿੰਘ ਖ਼ਾਲਸਾ, ਪਿਆਰਾ ਸਿੰਘ ਮਾਹਮਦਪੁਰ, ਜਥੇ: ਮਨਜੀਤ ਸਿੰਘ ਲੋਹਟਬੱਦੀ, ਚੇਅਰਮੈਨ ਅਮਰਜੀਤ ਸਿੰਘ ਸਹਿਬਾਜ਼ਪੁਰਾ, ਭਾਨ ਸਿੰਘ ਜੱਸੀ ਪੇਧਨੀ, ਆਪ ਆਗੂ ਸਰਪੰਚ ਗੁਰਦੀਪ ਸਿੰਘ ਛਾਪਾ, ਲਖਵਿੰਦਰ ਸਿੰਘ ਸਪਰਾ ਰਾਏਕੋਟ, ਸੀਨੀ: ਕਾਂਗਰਸੀ ਆਗੂ ਗੁਰਮੇਲ ਸਿੰਘ ਮੌੜ ਨੇ ਪ੍ਰਬੰਧਕਾਂ ਦੇ ਉੱਦਮ ਦੀ ਸ਼ਲਾਘਾ ਕਰਦਿਆ ਕਿਹਾ ਕਿ ਖ਼ੂਨਦਾਨ ਇੱਕ ਉੱਤਮ ਦਾਨ ਹੈ, ਐਮਰਜੈਂਸੀ ਸਮੇਂ ਖ਼ੂਨਦਾਨ ਕਰ ਕੇ ਕੀਮਤੀ ਜਿੰਦਾਂ ਨੂੰ ਬਚਾਇਆ ਜਾ ਸਕਦਾ ਹੈ। ਪ੍ਰਬੰਧਕ ਅਵਤਾਰ ਸਿੰਘ ਅਣਖੀ, ਬਲਜਿੰਦਰ ਸਿੰਘ ਢਿੱਲੋਂ, ਸੋਨੀ ਮਾਂਗੇਵਾਲ ਨੇ ਕੈਂਪ ਦੀ ਸਫਲਤਾ ਲਈ ਸਹਿਯੋਗ ਦੇਣ ਤੇ ਸਾਰਿਆਂ ਦਾ ਧੰਨਵਾਦ ਕਰਦਿਆ ਦੱਸਿਆ ਕਿ ਭਵਿੱਖ ਵਿੱਚ ਇਸ ਖ਼ੂਨਦਾਨ ਦੀ ਮੁਹਿੰਮ ਨੂੰ ਹੋਰ ਤੇਜ ਕੀਤਾ ਜਾਵੇਗਾ। ਇਸ ਮੌਕੇ ਬਲੱਡ ਬੈਂਕ ਸਿਵਲ ਹਸਪਤਾਲ ਬਰਨਾਲਾ ਨੂੰ ਖ਼ੂਨਦਾਨੀਆਂ ਵਲੋਂ 53 ਯੂਨਿਟ ਖ਼ੂਨਦਾਨ ਕੀਤਾ ਗਿਆ। ਪ੍ਰਬੰਧਕਾਂ ਵਲੋਂ ਮੁੱਖ ਮਹਿਮਾਨ, ਖ਼ੂਨਦਾਨੀਆਂ ਅਤੇ ਵੱਖ-ਵੱਖ ਸ਼ਖ਼ਸੀਅਤਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਰੀਡਰ ਗੁਰਦੀਪ ਸਿੰਘ ਛੀਨੀਵਾਲ, ਗੁਰੀ ਔਲਖ ਆੜ੍ਹਤੀਆ, ਪ੍ਰਧਾਨ ਬਾਬਾ ਸ਼ੇਰ ਸਿੰਘ ਖ਼ਾਲਸਾ, ਬਾਬਾ ਗੁਰਦੀਪ ਸਿੰਘ ਕਾਰ ਸੇਵਾ, ਬਾਬਾ ਬਖਸ਼ੀਸ਼ ਸਿੰਘ, ਹੈਡ ਗ੍ਰੰਥੀ ਭਾਈ ਜਸਵੀਰ ਸਿੰਘ ਮਾਣਕੀ, ਭਾਈ ਗੁਰਜੰਟ ਸਿੰਘ ਛੀਨੀਵਾਲ, ਰਿੰਕਾ ਕੁਤਬਾ ਬਾਹਮਣੀਆਂ, ਗਿਆਨੀ ਕਰਮ ਸਿੰਘ ਆਸਟ੍ਰੇਲੀਆ, ਚੇਅਰਮੈਨ ਜਗਸੀਰ ਸਿੰਘ ਖਾਲਸਾ, ਜਥੇ: ਮੁਖਤਿਆਰ ਸਿੰਘ ਛਾਪਾ, ਲੱਖਾ ਖਿਆਲੀ, ਭਾਈ ਮਨਦੀਪ ਸਿੰਘ ਮਨੀ, ਮੇਘ ਰਾਜ ਜੋਸ਼ੀ, ਬਲਵੰਤ ਸਿੰਘ ਚੁਹਾਣਕੇ, ਜਗਸੀਰ ਸਿੰਘ ਸਹਿਜੜਾ, ਪ੍ਰਦੀਪ ਸਿੰਘ ਲੋਹਗੜ੍ਹ, ਰਾਜਵਿੰਦਰ ਸਿੰਘ ਖਾਲਸਾ, ਸੁਖਵੀਰ ਸਿੰਘ ਜਗਦੇ, ਰਮਨਦੀਪ ਸਿੰਘ ਠੁੱਲੀਵਾਲ, ਜਗਮੋਹਣ ਸ਼ਾਹ ਰਾਏਸਰ, ਪ੍ਰਧਾਨ ਜਗਤਾਰ ਸਿੰਘ ਪੰਡੋਰੀ, ਪਰਮਜੀਤ ਸਿੰਘ ਜਗਦੇ, ਗੁਰਪ੍ਰੀਤ ਸਿੰਘ ਪੀਤਾ, ਬੀਬੀ ਪਰਮਜੀਤ ਕੌਰ ਭੱਠਲ, ਪਿਰਥੀ ਸਿੰਘ ਦਿਉਲ, ਗੁਰਬਚਨ ਸਿੰਘ ਛਾਪਾ ਆਦਿ ਹਾਜ਼ਰ ਸਨ।

## ਡੈਣ ਦੇ ਡਰ ਤੋਂ ਬੰਦ ਕੀਤੀਆਂ ਲੜਕੀ ਦੀਆਂ ਅੱਖਾਂ ਤਰਕਸ਼ੀਲਾਂ ਖੁਲ੍ਹਵਾਈਆਂ- ਮਾਸਟਰ ਪਰਮ ਵੇਦ

### ਭੂਤਾਂ- ਪਰੇਤਾਂ,ਜਿੰਨ ,ਚੂੜੇਲਾਂ ਦੀਆਂ ਕਹਾਣੀਆਂ ਸਭ ਮਨਘੜਤ -ਤਰਕਸ਼ੀਲ


ਸੰਗਰੂਰ 1 ਜੁਲਾਈ : ਅੱਜ ਦਾ ਯੁੱਗ ਵਿਗਿਆਨ ਦਾ ਯੁੱਗ ਹੈ, ਵਿਗਿਆਨ ਨੇ ਮਨੁੱਖ ਨੂੰ ਹਰ ਖੇਤਰ ਵਿੱਚ ਗਿਣਨਯੋਗ, ਬੇਅੰਤ ਸੁਖ ਸਹੂਲਤਾਂ ਨਾਲ ਲੈਸ ਕਰ ਦਿੱਤਾ ਹੈ । ਸੰਚਾਰ, ਆਵਾਜਾਈ, ਮਨੋਰੰਜਨ, ਰੋਜ਼ਾਨਾ ਜ਼ਿੰਦਗੀ ਦੇ ਹਰ ਖੇਤਰ ਦੀਆਂ ਸਹੂਲਤਾਂ ਵਿੱਚ ਵਿਗਿਆਨਕ ਖੋਜਾਂ ਦੀ ਬੱਲੇ ਬੱਲੇ ਹੋ ਰਹੀ ਹੈ।ਇਹ ਵੱਖਰੀ ਗਲ ਹੈ ਕਿ ਬਹੁਤ ਵਾਰੀ ਵਿਗਿਆਨਕ ਖੋਜਾਂ ,ਕਾਢਾਂ ਦੀ ਦੁਰਵਰਤੋਂ ਹੁੰਦੀ ਹੈ। ਟੈਲੀਵਿਜ਼ਨ ਲੈ ਲਵੋ ਇਸਨੂੰ ਦੇਖਣ ਸੁਨਣ ਲਈ ਦੋ ਗਿਆਨ ਇੰਦਰੀਆਂ ਅੱਖਾਂ ਤੇ ਕੰਨ ਕੰਮ ਕਰਦੇ ਹਨ,ਇਸ ਲਈ ਇਹ ਸਾਡੇ ਦਿਲ ਦਿਮਾਗ ਨੂੰ ਬਹੁਤ ਛੇਤੀ ਪ੍ਰਭਾਵਿਤ ਕਰਦੇ ਹਨ।ਪਰ ਅਕਸਰ ਕਾਰਪੋਰੇਟ , ਸਰਮਾਏਦਾਰ , ਸੱਤਾ ਤੇ ਕਾਬਜ਼ ਘਰਾਣੇ ਵਿਗਿਆਨ ਦੀਆਂ ਖੋਜਾਂ,ਤਕਨੀਕਾਂ ਦੀ ਹਮੇਸ਼ਾ ਆਪਣੇ ਮਕਸਦ ਲਈ ਵਰਤਦੇ ਹਨ। ਕਹਿ ਲਵੋ ਦੁਰਵਰਤੋਂ ਕਰਦੇ, ਅੰਧਵਿਸ਼ਵਾਸ ਫੈਲਾਉਂਦੇ ਹਨ।ਇਲੈਕਟ੍ਰੋਨਿਕ ਮੀਡੀਆ ਲੈ ਲਵੋ, ਚੈਨਲਾਂ ਤੇ ਆਉਂਦੇ ਬਹੁਤੇ ਪ੍ਰੋਗਰਾਮ ਅਸਲੀਅਤ ਤੋਂ ਕੋਹਾਂ ਦੂਰ, ਅਸ਼ਲੀਲਤਾ ਤੇ ਮਨਘੜਤ, ਗੈਰ ਵਿਗਿਆਨਕ, ਅਰਥਹੀਣ ਕਹਾਣੀਆਂ ਨਾਲ ਸਬੰਧਤ ਹੁੰਦੇ ਹਨ।ਇਨ੍ਹਾਂ ਦਾ ਦੇਸ਼ ਦੇ ਭਵਿੱਖ ਬੱਚਿਆਂ ਦੀ ਮਾਨਸਿਕਤਾ ਤੇ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ। ਬੱਚਿਆਂ ਨੂੰ ਜਾਗਰੂਕ, ਉਨ੍ਹਾਂ ਦੀ ਸ਼ਖਸੀਅਤ ਦਾ ਬਹੁਪੱਖੀ ਵਿਕਾਸ,ਵਿਗਿਆਨਕ ਸੋਚ ਤੇ ਨੈਤਿਕ ਕਦਰਾਂ ਕੀਮਤਾਂ ਦੇ ਧਾਰਨੀ ਖ਼ੋਜੀ ਤੇ ਕਾਢੀ ਬਣਾਉਣ ਵਾਲੇ ਨਾ ਮਾਤਰ ਪ੍ਰੋਗਰਾਮ ਦੇਖਣ ਨੂੰ ਮਿਲਦੇ ਹਨ। ਜਿਸ ਕਰਕੇ ਬੱਚੇ ਦੀਆਂ ਅੰਦਰੂਨੀ ਸ਼ਕਤੀਆਂ, ਪ੍ਰਤਿਭਾ ਅਣਵਿਕਸਤ ਰਹਿ ਜਾਂਦੀਆਂ ਹਨ।ਮਨਘੜਤ ,ਡਰਾਵਣੇ ਅਸ਼ਲੀਲਤਾ ਭਰਪੂਰ ਗੈਰ ਵਿਗਿਆਨਕ ਸੀਰੀਅਲ ਦਿਖਾ ਕੇ ਬੱਚਿਆਂ ਦੀ ਮਾਨਸਿਕਤਾ ਵਿਗਾੜਦੇ ਨਜ਼ਰ ਆਉਂਦੇ ਹਨ। ਜੇ ਇਲੈਕਟ੍ਰੋਨਿਕ ਮੀਡੀਆ,ਟੀ ਵੀ ਵਗੈਰਾ ਤੇ ਵਿਗਿਆਨਕ ਸੋਚ, ਖੋਜਾਂ -ਕਾਢਾਂ ਵਾਲੇ ਪ੍ਰੋਗਰਾਮ ਪ੍ਰਸਾਰਿਤ ਕੀਤੇ ਜਾਣ ਤਾਂ ਬੱਚਿਆਂ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਬਹੁ ਪੱਖੀ ਸਖਸ਼ੀਅਤ ਦੇ ਮਾਲਕ ਬਹੁਮੁੱਲੇ ਕੀਮਤੀ ਹੀਰੇ ਰੂਪੀ ਵਿਅਕਤੀ/ ਨਾਗਰਿਕ ਬਣਾਉਣ ਵਿੱਚ ਬਹੁਤ ਮਦਦਗਾਰ ਹੋ ਸਕਦੇ ਹਨ ਕਿਉਂਕਿ ਬੱਚੇ ਦੀ ਸ਼ਖ਼ਸੀਅਤ ਤੇ ਹਰ ਕਹੀ, ਸੁਣੀ ,ਦੇਖੀ ਗਲ ਦਾ ਅਸਰ ਹੁੰਦਾ ਹੈ।ਵਾਰ ਵਾਰ ਦੁਹਰਾਈ ਗਲ ਬੱਚੇ ਦੇ ਮਨ ਤੇ ਡੂੰਘਾ ਅਸਰ ਪਾਉਂਦੀ ਹੈ।ਜੋ ਦੇਖਣਗੇ ਉਸੇ ਤਰ੍ਹਾਂ ਦੇ ਬਣਨਗੇ। ਟੀ ਵੀ ਵਗੈਰਾ ਤੇ ਦਿਖਾਏ ਜਾਣ ਵਾਲੇ ਪ੍ਰੋਗਰਾਮ ਬੱਚਿਆਂ ਦੀ ਸੋਚ ਖੁੰਢੀ , ਡਰਾਵਣੀ ਮਾਨਸਿਕਤਾ ਬਣਾਉਣ ਲਈ ਯਤਨਸ਼ੀਲ ਨਜ਼ਰ ਆਉਂਦੇ ਹਨ। ਬੱਚਿਆਂ ਦੇ ਮਨ ਕੋਰੀ ਸਲੇਟ , ਕੋਰੇ ਕਾਗਜ਼ ਹੁੰਦੇ ਹਨ ਜੋ ਸੁਨਣਗੇ ,ਦੇਖਣਗੇ ਉਨ੍ਹਾਂ ਦੀ ਮਨ ਰੂਪੀ ਸਲੇਟ /ਕੋਰੇ ਕਾਗਜ਼ 'ਤੇ ਉਹੀ ਉੱਕਰਿਆ ਜਾਵੇਗਾ , ਲਿਖਿਆ ਜਾਵੇਗਾ,ਉਸੇ ਤਰ੍ਹਾਂ ਦੀ ਮਾਨਸਿਕਤਾ ਦੇ ਮਾਲਕ ਬਣਨਗੇ। ਡਰਾਵਣੇ ਭੂਤਾਂ ਪ੍ਰੇਤਾਂ ਦੀਆਂ ਮਨਘੜਤ ਕਹਾਣੀਆਂ ਵਾਲੇ ਲੜੀਵਾਰਾਂ ਤੋਂ ਬੱਚਿਆਂ ਦੀਆਂ ਮਨੋਭਾਵਨਾਵਾਂ ਤੇ ਪਏ ਮਾੜੇ ਪ੍ਰਭਾਵਾਂ ਦੇ ਬਹੁਤ ਸਾਰੇ ਕੇਸ ਤਰਕਸ਼ੀਲ ਸੁਸਾਇਟੀ ਪੰਜਾਬ ਕੋਲ ਆਉਂਦੇ ਹਨ ਤੇ ਮਨੋਵਿਗਿਆਨੀਆਂ ਤੇ ਮਾਨਸਿਕ ਰੋਗ ਮਾਹਿਰ ਡਾਕਟਰਾਂ ਤੋਂ ਠੀਕ ਕਰਵਾਏ ਜਾਂਦੇ ਹਨ।

ਮੈਂ ਇੱਕ ਕੇਸ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ।ਪਿਛਲੇ ਕਈ ਸਾਲ ਪਹਿਲਾਂ ਦੀ ਗਲ ਹੈ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਕੋਲ ਪਟਿਆਲਾ ਜ਼ਿਲ੍ਹੇ ਦੀ ਮੰਡੀ ਪਾਤੜਾਂ ਦਾ ਇਕ ਸੱਤਵੀਂ ਜਮਾਤ ਵਿੱਚ ਪੜ੍ਹਦੀ ਛੋਟੀ ਬੱਚੀ ਦਾ ਕੇਸ ਆਇਆ। ਬੱਚੀ ਇੱਕ ਸੀਰੀਅਲ ਦੇ ਵਿੱਚ ਡੈਣ ਦੇ ਰੋਲ ਤੋਂ ਇਨ੍ਹਾਂ ਡਰ ਗਈ ਕਿ ਅੱਖਾਂ ਖੋਲ੍ਹਣ ਤੋਂ ਵੀ ਡਰਣ ਲਗ ਪਈ । ਮਹਿਸੂਸ ਕਰਨ ਲਗ ਪਈ ਕਿ ਜੇ ਅੱਖਾਂ ਖੋਲ੍ਹੀਆਂ ਤਾਂ ਡੈਣ ਖਾ ਜਾਵੇਗੀ।ਡਰ ਮਾਰੇ ਅੱਖਾਂ ਨਹੀਂ ਖੋਲ੍ਹ ਰਹੀ ਸੀ । ਪਹਿਲਾਂ ਪਰਿਵਾਰ ਨੇ ਸੋਚਿਆ ਲੜਕੀ ਤੇ ਓਪਰੀ ਸ਼ੈਅ ਦਾ ਅਸਰ ਹੈ।ਦੋ ਦਿਨ ਸਿਆਣਿਆਂ ਤੋਂ ਧਾਗੇ ਤਵੀਤ ਕਰਵਾਉਣ ਤੋਂ ਬਾਅਦ ਤਰਕਸ਼ੀਲ ਸੋਚ ਦੇ ਮਾਲਿਕ ਇੱਕ ਅਧਿਆਪਕ ਦੇ ਕਹਿਣ ਤੇ ਪਰਿਵਾਰ ਨੇ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਨਾਲ ਸੰਪਰਕ ਕੀਤਾ। ਅੱਖਾਂ ਬੰਦ ਰੱਖਣ ਤੋਂ ਚੌਥੇ ਦਿਨ ਬਾਅਦ ਪਰਿਵਾਰ ਬੱਚੇ ਨੂੰ ਲੈ ਕੇ ਸਾਡੇ ਕੋਲ ਆਇਆ। ਅਸੀਂ ਗੁਰਦੀਪ ਸਿੰਘ ਲਹਿਰਾ, ਲੈਕਚਰਾਰ ਕ੍ਰਿਸ਼ਨ ਸਿੰਘ ਤੇ ਮੇਰੇ ਆਧਾਰਿਤ ਤਿੰਨ ਮੈਂਬਰੀ ਟੀਮ ਨੇ ਮਾਪਿਆਂ ਨਾਲ ਮਨੋਵਿਗਿਆਨਕ ਤੇ ਵਿਗਿਆਨਕ ਆਧਾਰ ਤੇ ਪੜਤਾਲ ਕੀਤੀ। ਸਿੱਟਾ ਸੀ ਕਿ ਅੰਧਵਿਸ਼ਵਾਸੀ ਪਰਿਵਾਰ ਹੋਣ ਕਾਰਨ, ਵਡੇਰਿਆਂ ਤੋਂ ਭੂਤ ਪ੍ਰੇਤਾਂ ਦੀਆਂ ਗੱਲਾਂ ਬਾਤਾਂ ਸੁਨਣ ਤੇ ਸੀਰੀਅਲ ਵਿੱਚ ਡੈਣ ਦੇ ਰੋਲ ਤੋਂ ਲੜਕੀ ਬਹੁਤ ਜ਼ਿਆਦਾ ਡਰ ਗਈ ਸੀ। ਸੀਰੀਅਲ ਵਿੱਚ,ਡੈਣ ਦਾ ਰੋਲ ਬੜਾ ਭਿਆਨਕ /ਡਰਾਵਣਾ ਸੀ। ਡਰ ਬੱਚੀ ਦੀ ਕੋਮਲ ਮਾਨਸਿਕਤਾ ਨੂੰ ਟੁੰਬ ਗਿਆ! ਬੱਚੀ ਮਹਿਸੂਸ ਕਰ ਰਹੀ ਸੀ ਜੇ ਮੈਂ ਅੱਖਾਂ ਖੋਲ੍ਹੀਆਂ ਤਾਂ ਡੈਣ ਮੈਨੂੰ ਨਿਗਲ ਜਾਵੇਗੀ ।ਇਸ ਲਈ ਇਸ ਡਰੋਂ ਉਹ ਅੱਖਾਂ ਨਹੀਂ ਖੋਲ੍ਹ ਰਹੀ ਸੀ।ਇਹ ਸਚਾਈ ਭਰਪੂਰ ਘਟਨਾ ਹੈ। ਉਸ ਦੀ ਮਾਨਸਿਕਤਾ ਇੰਨੀ ਝੰਜੋੜੀ ਗਈ ਸੀ ਕਿ ਉਸਨੂੰ ਨੀਂਦ ਵੀ ਦਵਾਈ ਲੈ ਕੇ ਆਉਂਦੀ ਸੀ,ਹਰ ਸਮੇਂ ਡਰੀ ਡਰੀ ਰਹਿੰਦੀ ਸੀ । ਅਸੀਂ ਬੱਚੀ ਨੂੰ ਬਿਠਾ ਕੇ ਭੂਤਾਂ, ਪਰੇਤਾਂ,ਜਿੰਨ ਚੂੜੇਲਾਂ ,ਡੈਣਾਂ ਦੀ ਅਸਲੀਅਤ ਬਾਰੇ ਦੱਸਿਆ ਕਿ ਇਹ ਸਭ ਮਨੋਕਲਪਿਤ , ਮਨਘੜਤ ਹਨ,ਅਸਲ ਵਿੱਚ ਇਨ੍ਹਾਂ ਦੀ ਕੋਈ ਹੋਂਦ ਨਹੀਂ।ਉਸਾਰੂ, ਸਾਰਥਿਕ, ਦਲੇਰੀ ਭਰਪੂਰ ਤੇ ਨਾ ਡਰਨ ਦੇ ਸੁਝਾਅ ਦਿੱਤੇ।ਉਸ ਅੰਦਰੋਂ ਡਰ ਦੇ ਮਹੌਲ ਨੂੰ ਹਲਕਾ ਕਰਕੇ ਸਕੂਨ ਤੇ ਚੈਨਮਈ, ਸੁਖਾਵੇਂ ਮਾਹੌਲ ਵਿੱਚ ਲਿਆ ਕੇ ਬੱਚੀ ਨੂੰ ਦੱਸਿਆ ਕਿ ਤੇਰੇ ਮਨ ਅੰਦਰ ਡੈਣ ਦੀ ਸ਼ਕਲ ਹੈ।ਇਹ ਫੋਟੋਆਂ ਹੁੰਦੀਆਂ, ਸ਼ਕਲਾਂ ਹੁੰਦੀਆਂ ਹਨ, ਕੁੱਝ ਕਹਿੰਦੀਆਂ ਨਹੀਂ, ਇਨ੍ਹਾਂ ਵਿੱਚ ਜਾਨ ਨਹੀਂ ਹੁੰਦੀ,ਤੇਰੇ ਮਨ , ਦਿਮਾਗ ਅੰਦਰੋਂ ਡੈਣ ਦੀ ਬਣੀਆਂ ਫੋਟੋਆਂ/ਸ਼ਕਲਾਂ ਖਤਮ ਕਰ ਦਿੱਤੀਆਂ ਜਾਣਗੀਆਂ,ਡਰਨ ਦੀ ਲੋੜ ਨਹੀਂ, ਸਾਡੇ ਤੇ ਵਿਸ਼ਵਾਸ ਰੱਖ, ਇਨ੍ਹਾਂ ਨੂੰ ਰੂੰ ਦੀ ਤਰ੍ਹਾਂ ਉਡਾ ਦਿੱਤਾ ਜਾਵੇਗਾ।,ਇਹ ਸੁਆਹ ਦੀ ਸੋਟੀ ਤਰ੍ਹਾਂ ਹੁੰਦੀਆਂ ਹਨ,ਜਿਸ ਦੀ ਵਰਤੋਂ ਨਾਲ ਸੱਟ ਨਹੀਂ ਲਗਦੀ।" ਅਪਣਾਪਣ,ਖੁਸ਼ਗਵਾਰ, ਵਿਸ਼ਵਾਸ ਪੂਰਨ ਤੇ ਚੈਨਮਈ ਮਾਹੌਲ ਪੈਦਾ ਕਰਕੇ ਉਸ ਨੂੰ ਆਪਣੇ ਪ੍ਰਭਾਵ ਵਿੱਚ ਲਿਆਂਦਾ , ਹੁਣ ਉਹ ਹਲਕੀ ਨੀਂਦ ਮਹਿਸੂਸ ਕਰ ਰਹੀ ਸੀ , ਅਸੀਂ ਉਸਨੂੰ ਡੈਣ ਦੇ ਖ਼ਤਮ ਹੋਣ ਤੇ ਅੱਗੇ ਤੋਂ ਕਦੇ ਵੀ ਡੈਣ ਸਮੇਤ ਹੋਰ ਮਨੋਕਲਪਿਤ ਸ਼ੈਆਂ ਨਾ ਦਿੱਸਣ ਦੇ ਨਾਲ ਨਾਲ ਉਸ ਅੰਦਰ ਬਣੀਆਂ ਡੈਣ ਤੇ ਹੋਰ ਡਰਾਉਣੀਆਂ ਸ਼ਕਲਾਂ ਦੀਆਂ ਫੋਟੋਆਂ ਖਤਮ ਕਰਨ ਦੇ ਸੁਝਾਅ ਦਿੱਤੇ ਤੇ ਕਿਹਾ ਡੈਣ ਖ਼ਤਮ ਹੋ ਗਈ ਹੈ, ਤੈਨੂ ਹੁਣ ਕਿਸੇ ਵੀ ਡਰਾਉਣੀ ਚੀਜ਼ ਤੋਂ ਡਰ ਨਹੀਂ ਲੱਗੇਗਾ, ਤੈਨੂੰ ਪਤਾ ਲਗ ਚੁੱਕਿਆਂ ਹੈ ਕਿ ਸੀਰੀਅਲ ਵਾਲੀ ਡੈਣ ਦੇਖਣ ਤੋਂ ਦਿਮਾਗ ਵਿੱਚ ਬਣੀਆਂ ਡਰਾਵਣੀ ਚੀਜ਼ਾਂ ਦੀਆਂ ਫੋਟੋਆਂ ਸੀ,ਉਹ ਖਤਮ ਹੋ ਗਈਆਂ ਹਨ । ਅਸੀਂ ਉਸਨੂੰ ਵਾਰ ਵਾਰ ਕਿਹਾ ਕਿ ਮਨਘੜ੍ਹਤ ਚੀਜ਼ਾਂ ਦੀਆਂ ਸ਼ਕਲਾਂ ਸਾਡੇ ਕਹੇ ਅਨੁਸਾਰ ਆਪਣੇ ਆਪ ਬਿਨਾਂ ਕੁਝ ਕਹੇ ਦਿਲ, ਦਿਮਾਗ ਤੋਂ ਸਾਫ਼ ਹੋ ਜਾਂਦੀਆਂ ਹਨ। ਇਹ ਸਾਫ਼ ਹੋ ਚੁੱਕੀਆਂ ਹਨ, ਖ਼ਤਮ ਹੋ ਚੁੱਕੀਆਂ, ਹੁਣ ਤੈਨੂੰ ਕਦੇ ਵੀ ਡਰ ਨਹੀਂ ਲੱਗੇਗਾ ,ਤੂੰ ਇਨ੍ਹਾਂ ਦੀ ਅਸਲੀਅਤ ਜਾਣ ਚੁੱਕੀ ਹੈ ।ਇਹ ਖ਼ਤਮ ਹੋ ਚੁਕੀਆਂ ਹਨ ਕਦੇ ਵੀ ਨਹੀਂ ਦਿਖਣਗੀਆਂ । ਤੂੰ ਆਪਣੇ ਆਪ ਨੂੰ ਹਲਕਾ ਤੇ ਡਰ ਮੁਕਤ ਮਹਿਸੂਸ ਕਰ ਰਹੀ ਹੈਂ।ਤੂੰ ਹੁਣ ਆਰਾਮ ਨਾਲ ਅੱਖਾਂ ਖੋਲ੍ਹ ਸਕਦੀ ਹੈਂ।ਇਸ ਦੁਨੀਆਂ ਵਿੱਚ ਭੂਤ ਪ੍ਰੇਤ ਕੁਚੀਲ ਜਿੰਨ ਡੈਣ ਕੁੱਝ ਵੀ ਨਹੀਂ, ਉਸਨੂੰ ਫਿਰ ਨਿਡਰ ਹੋ ਕੇ ਅੱਖਾਂ ਖੋਲ੍ਹਣ ਦਾ ਸੁਝਾਅ ਦਿੱਤਾ। ਉਸਨੇ ਸਾਡੇ ਸੁਝਾਅ ਤੇ ਅਮਲ ਕਰਦਿਆਂ ਆਪਣੀਆਂ ਅੱਖਾਂ ਖੋਲ੍ਹ ਲਈਆਂ ਤੇ ਆਪਣੇ ਆਪ ਨੂੰ ਅਨਜਾਣ ਥਾਂ ਦੇਖ ਕੇ ਹੈਰਾਨੀ ਪ੍ਰਗਟਾਈ ਤੇ ਕੁੱਝ ਸਮੇਂ ਬਾਅਦ ਆਪਣੀ ਮਾਂ ਨੂੰ ਜੱਫੀ ਪਾ ਲਈ। ਸਾਡੇ ਵਲ ਇਸ਼ਾਰਾ ਕਰਦਿਆਂ ਉਸ ਦੀ ਮਾਂ ਨੇ ਕਿਹਾ ਇਨ੍ਹਾਂ ਡੈਣ ਭਜਾ ਕੇ ਤੇ ਡਰ ਮੁਕਤ ਕਰਕੇ ਤੇਰੀ ਅੱਖਾਂ ਖੁਲ੍ਹਵਾਈਆਂ ਹਨ।ਉਸ ਸਾਡੇ ਵਲ ਮੁਸਕਰਾਹਟ ਵਖੇਰਦਿਆਂ, ਧੰਨਵਾਦ ਦਾ ਸੁਨੇਹਾ ਦਿੱਤਾ। ਅਸੀਂ ਮਾਪਿਆਂ ਨੂੰ ਸੁਝਾਅ ਦਿੱਤਾ ਕਿ ਬੱਚਿਆਂ ਨੂੰ ਡਰਾਵਣੀਆਂ,ਮਨਘੜਤ , ਮਨੋਕਲਪਿਤ, ਅਸ਼ਲੀਲਤਾ ਤੇ ਗੈਰ ਵਿਗਿਆਨਕ ਵਾਲੇ ਸੀਰੀਅਲ ਨਾ ਦੇਖਣ ਦਿਆ ਕਰੋ,ਆਪ ਵੀ ਨਾ ਦੇਖਿਆ ਕਰੋ। ਬੱਚੀ ਤੁਹਾਡੀ ਹੁਣ ਠੀਕ ਹੈ। ਅਗਲੇ ਹਫਤੇ ਫਿਰ ਲਿਆਉਣਾ। ਉਹ ਹਫਤੇ ਬਾਅਦ ਫਿਰ ਆਏ, ਕੁੜੀ ਹਸਦੀ ਨੇ ਸਾਨੂੰ ਨਮਸਕਾਰ ਕੀਤੀ ਤੇ ਕਿਹਾ ਕਿ ਮੈਂ ਹੁਣ ਠੀਕ ਹਾਂ ਅੱਗੇ ਤੋਂ ਮੈਂ ਅਜਿਹੇ ਸੀਰੀਅਲ ਨਹੀਂ ਦੇਖੂੰਗੀ। ਕ੍ਰਿਸ਼ਨ ਸਿੰਘ ਨੇ ਉਨ੍ਹਾਂ ਨੂੰ ਕਿਹਾ ਕਿ ਅਰਥਹੀਣ ਪਿਕਚਰਜ਼ ਤੇ ਸੀਰੀਅਲ ਤੋਂ ਜਿਨ੍ਹਾਂ ਤੋਂ ਸਿੱਖਣ ਲਈ ਕੁੱਝ ਨਹੀਂ ਹੁੰਦਾ ਉਹ ਬੱਚਿਆਂ ਨੂੰ ਦੇਖਣ ਨਾ ਦਿਆ ਕਰੋ। ਪਿਕਚਰਾਂ, ਮੂਵੀਆਂ ਤੇ ਲੜੀਵਾਰ ਉਹ ਦੇਖੋ ਜਿਨ੍ਹਾਂ ਤੋਂ ਬੱਚਿਆਂ ਨੂੰ ਗਿਆਨ ਮਿਲੇ, ਵਿਗਿਆਨ ਦਾ ਚਾਨਣ ਮਿਲੇ।ਅਸ਼ਲੀਲਤਾ ਪੂਰਨ ,ਡਰ ਪੈਦਾ ਕਰਨ ਵਾਲੇ, ਮਨਘੜਤ, ਲੜੀਵਾਰ ਬੱਚਿਆਂ ਦੀ ਮਾਨਸਿਕਤਾ ਵਿਗਾੜਦੇ ਹਨ। ਬੱਚੀ ਨੂੰ ਕਿਹਾ ਭੂਤਾਂ ਪ੍ਰੇਤਾਂ ਤੋਂ ਡਰਿਆ ਨਾ ਕਰੋ, ਇਨ੍ਹਾਂ ਵਿੱਚ ਜਾਨ ਨਹੀਂ ਹੁੰਦੀ,ਇਹ ਤਾਂ ਡਰਦਿਆਂ ਨੂੰ ਡਰਾਉਂਦੇ ਹਨ, ਨਿਡਰ, ਵਿਗਿਆਨਕ ਸੋਚ ਵਾਲੇ ਤੇ ਸੂਝਵਾਨ ਲੋਕਾਂ ਤੋਂ ਡਰਦੇ ਹਨ। ਇਸ ਲਈ ਬਹਾਦਰ, ਸੂਝਵਾਨ ਤੇ ਵਿਗਿਆਨਕ ਸੋਚ ਦੇ ਧਾਰਨੀ ਬਣੋ ਤੇ ਦੂਜਿਆਂ ਨੂੰ ਵਿਗਿਆਨਕ ਸੋਚ ਦੀ ਰੋਸ਼ਨੀ ਵਿੱਚ ਲਿਆਉਣ ਲਈ ਯਤਨਸ਼ੀਲ ਰਹੋ। ਵਧੀਆ ਵਿਚਾਰਾਂ ਵਾਲੀਆਂ ਕਿਤਾਬਾਂ ਪੜ੍ਹੋ, ਕਿਤਾਬਾਂ ਨੂੰ ਦੋਸਤ ਬਣਾਓ।ਉਨ੍ਹਾਂ ਨੂੰ ਬਹੁਤ ਸਾਰੀਆਂ ਵਿਗਿਆਨਕ ਸੋਚ ਵਾਲੀਆਂ ਤੇ ਪੁਰਾਣੇ ਤਰਕਸ਼ੀਲ ਮੈਗਜ਼ੀਨ ਪੜ੍ਹਨ ਨੂੰ ਦਿੱਤੇ।ਚਾਹ ਦਾ ਕੱਪ ਪਿਆ ਕੇ ਤੇ ਵਿਗਿਆਨਕ ਸੋਚ ਦਾ ਛੱਟਾ ਦੇ ਕੇ ਤੋਰਿਆ।

## ਲਾਇਨਜ ਕਲੱਬ ਕੋਟਕਪੂਰਾ ਰਾਇਲ ਦੀ 25ਵੀਂ ਵਰ੍ਹੇਗੰਢ ਦੀ ਮਨਾਈ ਸਿਲਵਰ ਜੁਬਲੀ

### ਸਹੁੰ ਚੁੱਕ ਸਮਾਗਮ ਮੌਕੇ ਦਰਜਨਾ ਹੋਰ ਕਲੱਬਾਂ ਨੇ ਵੀ ਕੀਤੀ ਭਰਵੀਂ ਸ਼ਮੂਲੀਅਤ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ




ਕੋਟਕਪੂਰਾ, 1 ਜੁਲਾਈ : 'ਲਾਇਨਜ ਕਲੱਬ ਕੋਟਕਪੂਰਾ ਰਾਇਲ' ਦਾ 25ਵਾਂ ਸਿਲਵਰ ਜੁਬਲੀ ਸਹੁੰ ਚੁੱਕ ਸਥਾਨਕ ਮੋਗਾ ਰੋਡ 'ਤੇ ਸਥਿੱਤ ਸਮਾਗਮ ਸੇਤੀਆ ਰਿਜੋਰਟ ਵਿਖੇ ਹੋਇਆ। ਜਿਸ ਦੇ ਮੁੱਖ ਮਹਿਮਾਨ ਵਿਨੋਦ ਖੰਨਾ ਪੀ.ਆਈ.ਡੀ. (2007-2009) ਸਨ। ਇੰਡਕਸ਼ਨ ਅਫਸਰ ਡੀ.ਕੇ. ਸੂਦ ਪੀ.ਡੀ.ਜੀ., ਇੰਸਟਾਲੇਸ਼ਨ ਅਫਸਰ ਅਜੇ ਕੁਮਾਰ ਗੋਇਲ ਵੀ.ਡੀ.ਜੀ.-1 ਇਲੈਕਟ (2025-26) ਸਨ। ਮਨਜੀਤ ਸਿੰਘ ਲਵਲੀ ਨੇ ਸਾਰਿਆਂ ਨੂੰ ਜੀ ਆਇਆਂ ਆਖਿਆ। ਮੈਡਮ ਨੀਰੂ ਗੋਇਲ ਨੇ ਪ੍ਰਾਰਥਾ ਅਤੇ ਫਲੈਗ ਵੰਦਨਾ ਪੜੀ। ਡੀ.ਕੇ. ਸੂਦ ਨੇ ਦੋ ਨਵੇਂ ਮੈਂਬਰਾਂ ਨੂੰ ਮਹਿੰਦਰ ਸਿੰਘ ਘੁਲਿਆਣੀ ਅਤੇ ਮਨੋਜ ਕੁਮਾਰ ਮਿੱਤਲ ਨੂੰ ਸਹੁੰ ਚੁਕਾ ਕੇ ਲਾਇਨ ਪਰਿਵਾਰ ਵਿੱਚ ਵਾਧਾ ਕੀਤਾ। ਅਜੇ ਕੁਮਾਰ ਗੋਇਲ ਨੇ ਸਾਲ 2025-26 ਦੀ ਟੀਮ ਨੂੰ ਸਹੁੰ ਚੁਕਾਉਣ ਉਪਰੰਤ ਉਹਨਾਂ ਦੀਆਂ ਜਿੰਮੇਵਾਰੀਆਂ ਬਾਰੇ ਦੱਸਣ ਤੋਂ ਬਾਅਦ ਮੁੱਖ ਮਹਿਮਾਨ ਨੇ ਲਾਇਨਇਜਮ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਹਨਾ ਲਾਇਨ ਕਲੱਬ ਰਾਇਲ ਨੂੰ ਨਵਾਂ ਲਾਇਨ ਭਵਨ ਬਣਾਉਣ ਲਈ ਕੁਝ ਸੁਝਾਅ ਦਿੱਤੇ ਅਤੇ ਮਾਇਕ ਸਹਾਇਤਾ ਵਾਸਤੇ ਸਿਫਾਰਸ਼ ਕਰਨ ਦਾ ਵੀ ਭਰੋਸਾ ਦਿਵਾਇਆ। ਸਮਾਜ ਪ੍ਰਤੀ ਚੰਗੀਆਂ ਸੇਵਾਵਾਂ ਬਦਲੇ ਸਟੇਟ ਬੈਂਕ ਆਫ ਇੰਡੀਆ ਦੇ ਸਹਾਇਕ ਬਰਾਂਚ ਮੈਨੇਜਰ ਰਾਹੁਲ ਅਤੇ ਨੰਬਰਦਾਰ ਸੁਖਵਿੰਦਰ ਸਿੰਘ ਪੱਪੂ ਦਾ ਸਨਮਾਨ ਕੀਤਾ ਗਿਆ। ਮੁੱਖ ਮਹਿਮਾਨ ਨੇ ਸੰਜੀਵ ਅਹੂਜਾ (ਕਿੱਟੂ), ਭੁਪਿੰਦਰ ਸਿੰਘ ਮੱਕੜ, ਮਨਜੀਤ ਸਿੰਘ ਲਵਲੀ, ਸੁਨੀਲ ਛਾਬੜਾ ਨੂੰ ਇੰਟਰਨੈਸ਼ਨਲ ਪਿੰਨ ਲਾ ਕੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਨਵੀਂ ਟੀਮ ਦੇ ਪ੍ਰਧਾਨ ਮਨਜੀਤ ਸਿੰਘ ਔਲਖ ਨੂੰ ਸਾਲ 2025-26 ਦੀ ਜਿੰਮੇਵਾਰੀ ਬਾਰੇ ਕੁਝ ਨੁਕਤਿਆਂ ਤੋਂ ਜਾਣੂ ਕਰਵਾਇਆ। ਕਲੱਬ ਵਲੋਂ 25ਵੀਂ ਵਰੇਗੰਢ 'ਤੇ ਮੁੱਖ ਮਹਿਮਾਨ ਅਤੇ ਆਏ ਹੋਏ ਲੀਡਰਾਂ ਵਲੋਂ ਕੇਕ ਕੱਟ ਕੇ 25ਵੀਂ ਵਰ੍ਹੇਗੰਢ ਦੀ ਖੁਸ਼ੀ ਸਾਂਝੀ ਕੀਤੀ ਗਈ। ਇਸ ਮੌਕੇ ਰਵਿੰਦਰ ਪ੍ਰਕਾਸ਼ ਗੋਇਲ ਪੀ.ਡੀ.ਜੀ., ਗੋਪਾਲ ਸ਼ਰਮਾ ਪੀ.ਡੀ.ਜੀ., ਐੱਚ.ਜੇ.ਐੱਸ. ਖੇੜਾ ਸਟਾਰ ਗੈਸਟ, ਟੀ.ਐੱਨ. ਗਰੋਵਰ ਪੀ.ਡੀ.ਜੀ. ਤੋਂ ਇਲਾਵਾ ਲਾਇਨਜ ਕਲੱਬ ਮੁਕਤਸਰ, ਬਠਿੰਡਾ, ਲੁਧਿਆਣਾ, ਮੰਡੀ ਗੋਬਿੰਦਬੜ ਅਤੇ ਬੱਸੀ ਪਠਾਣਾ ਤੋਂ ਪੁੱਜੇ ਸਮੂਹ ਮੈਂਬਰਾਂ ਦਾ ਸੁਰਜੀਤ ਸਿੰਘ ਘੁਲਿਆਣੀ ਵਲੋਂ ਧੰਨਵਾਦ ਕੀਤਾ ਗਿਆ।

## ਸਕੂਲ ਵੱਲੋਂ ਜੀ ਆਇਆਂ ਨੂੰ

ਵਰਲਡ ਪੰਜਾਬੀ ਟਾਈਮਜ਼
ਰਵਿੰਦਰ ਸਿੰਘ

ਆਓ ਮੇਰੇ ਪਿਆਰੇ ਬੱਚਿਓ, ਆਓ ਜੀ ਆਇਆਂ ਨੂੰ

ਪਿਆਰੇ ਬੱਚਿਓ ਤੁਹਾਨੂੰ ਤੰਦਰੁਸਤ, ਸਹੀ ਸਲਾਮਤ ਖੁਸ਼ ਦੇਖ ਕੇ ਮੇਰਾ ਦਿਲ ਬਾਗੋ ਬਾਗ ਹੋ ਗਿਐ। ਜਿਵੇਂ ਹੱਸਦੇ ਖੇਡਦੇ ਚਾਈਂ ਚਾਈਂ ਮੈਥੋਂ ਰੁਖ਼ਸਤ ਹੋਏ ਸੋ ਓਸੇ ਹਾਲਤ ਵਿੱਚ ਸਕੂਲ ਪਰਤੇ ਓ, ਥੋਨੂੰ ਪਤੈ ਮੈਂ ਕਿਵੇਂ ਇਕ ਮਹੀਨਾ ਲੰਘਾਇਐ ਦਿਲ ਉੱਤੇ ਪੱਥਰ ਧਰਕੇ। ਹੁਣ ਮੇਰੇ ਮਨ ਨੂੰ ਚੈਨ ਆਇਆ ਹੈ ਤੁਹਾਨੂੰ ਕਲਾਵੇ ਵਿੱਚ ਲੈ ਕਿ ਮੇਰੇ ਕਾਲਜੇ ਠੰਢ ਪੈ ਗਈ ਹੈ ਤੁਹਾਨੂੰ ਆਪਣੀ ਛਾਤੀ ਨਾਲ ਲਾ ਕੇ।

ਤੁਹਾਡੀਆਂ ਕਿਲਕਾਰੀਆਂ, ਤੁਹਾਡੀਆਂ ਸ਼ਰਾਰਤਾਂ ਬਾਝੋਂ ਏਥੇ ਚੁੱਪ ਪਸਰੀ ਰਹੀ ਚਾਰ ਚੁਫੇਰੇ। ਸ਼ਾਂਤੀ ਪੂਰਨ ਸ਼ਾਂਤੀ ਸੀ, ਆਪਣਾ ਬਾਗ ਬਗੀਚਾ ਵੀ ਉਦਾਸ ਹੀ ਰਿਹੈ।
ਮੈਂ,
ਸੁਣਨ ਲਈ
ਤਰਸ ਗਿਆ ਸਾਂ ਤੁਹਾਡੀਆਂ ਨਿੱਕੀਆਂ ਨਿੱਕੀਆਂ ਭੋਲੀਆਂ ਭਾਲੀਆਂ ਮਿੱਠੀਆਂ ਮਿੱਠੀਆਂ ਪਿਆਰੀਆਂ ਪਿਆਰੀਆਂ ਤੋਤਲੀਆਂ ਗੱਲਾਂ ਨੂੰ।
ਤੁਹਾਡੇ ਨਿੱਕੇ ਨਿੱਕੇ ਕਦਮਾਂ ਦੀ ਚਾਲ ਦੀ ਅਵਾਜ਼ ਨੂੰ ,,
ਮੈਨੂੰ ਭੁੱਖ ਵੀ ਨਹੀਂ ਲੱਗਦੀ ਸੀ
ਤੇ
ਤਾਂ ਹੀ ਚੁੱਲ੍ਹਾ ਵੀ ਨਹੀਂ ਬਾਲਿਆ
ਤੁਹਾਡੇ ਪਿੱਛੋਂ ,,,
'ਕੱਲਿਆਂ ਦੇ ਬੁਰਕੀ ਨਹੀਂ ਹੁੰਦੀ ਸੰਘ ਥੱਲੇ,,
ਤੁਸੀਂ ਤਾਂ ਘਰੀਂ
ਜੀਅ ਲਾ ਲਿਆ ਜਿਵੇਂ ਛੁੱਟੀਆਂ ਵਿਚ ਤੁਸੀਂ ਆਪਣੇ ਨਾਨਕੇ, ਮਾਸੀ ਭੂਆ ਕੋਲ ਪੂਰਾ ਜੀਅ ਲਾ ਲਿਆ ਹੁੰਦੈ ਤੇ ਤੁਹਾਡੇ ਮਾਂ ਬਾਪ ਦਾਦਾ ਦਾਦੀ ਦਾ ਮਨ ਉਚਾਟ ਰਹਿੰਦੈ ਤੁਹਾਡੇ ਉਦਰੇਵੇਂ ਕਰਕੇ। ਭਾਵੇਂ ਘਰ ਵਿੱਚ ਤੁਹਾਡੇ ਚਾਚਾ ਚਾਚੀ ਤਾਇਆ ਤਾਈ ਵੀ ਹੁੰਦੇ ਹਨ ਪਰ ਜੋ ਰੌਣਕ ਤੁਹਾਡੇ ਨਾਲ ਹੁੰਦੀ ਆ ਉਹ ਵੱਡੀ ਉਮਰ ਦੇ ਜੀਆਂ ਨਾਲ ਨਹੀਂ ਹੁੰਦੀ ਓਸੇ ਤਰ੍ਹਾਂ ਆਪਣੇ ਸਕੂਲ ਦੇ ਪਰਿਵਾਰ ਵਿੱਚੋਂ ਕਲਰਕ ਸੇਵਾਦਾਰ ਚੌਂਕੀਦਾਰ ਅਤੇ ਕਦੇ ਕਦੇ ਕੁਝ ਅਧਿਆਪਕ ਵੀ ਆਉਂਦੇ ਸਨ ਪਰ ਉਹ ਤਾਂ ਆਪੋ ਆਪਣੇ ਕੰਮ ਕਰਕੇ ਤੁਰਦੇ ਬਣਦੇ। ਮੈਂ ਤਾਂ ਤੁਹਾਡੇ ਬਿਨਾਂ ਪੂਰਾ ਉਦਾਸ ਰਿਹੈਂ।

ਆਓ ਜੀ ਆਇਆਂ ਨੂੰ

ਆਓ ਸ਼ੇਰ ਜਵਾਨੋਂ ਮੇਰੇ ਆਲੇ ਭੋਲਿਓ ਸ਼ੇਰ ਬੱਗਿਓ
ਹੁਣ ਫਿਰ ਆਪਾਂ ਆਪਣੇ ਕੰਮ ਵੱਲ ਹੋਈਏ
ਆਪਾਂ ਰੱਜ ਕੇ ਮਿਹਨਤ ਕਰੀਏ ਆਪਣੇ ਕੰਮ ਨੂੰ ਰੂਹ ਨਾਲ ਕਰੀਏ। ਆਪਾਂ ਦੁਬਾਰਾ ਆਪਣੀ ਪੜ੍ਹਾਈ ਨਾਲ ਜੁੜੀਏ।

ਆਖਿਰ ਵਿੱਚ ਮੈਂ ਤੁਹਾਡੀ ਉੱਨਤੀ ਤਰੱਕੀ ਅਤੇ ਸੁਨਿਹਰੇ ਭਵਿੱਖ ਲਈ ਕਾਮਨਾ ਕਰਦਾ ਹਾਂ ਕਿ ਤੁਸੀਂ ਚੰਗੇ ਨੰਬਰ ਪ੍ਰਾਪਤ ਕਰਕੇ ਆਪਣੇ ਮਾਪਿਆਂ ਦੇ ਨਾਲ ਮੇਰਾ ਨਾਂ ਵੀ ਰੋਸ਼ਨ ਕਰੋਗੇ ਅਤੇ ਚੰਗੇ ਨਾਗਰਿਕ ਬਣਕੇ ਚੰਗੇ ਕੰਮ ਕਰਦੇ ਨਿਰੋਏ ਅਤੇ ਸਿਹਤਮੰਦ ਸਮਾਜ ਦੀ ਸਿਰਜਣਾ ਕਰੋਗੇ।

ਤੁਹਾਡੀ ਉੱਨਤੀ ਤਰੱਕੀ ਲਈ ਹਮੇਸ਼ਾ ਦੁਆ ਕਰਦਾ ਤੁਹਾਡਾ ਪਿਆਰਾ ਸਕੂਲ।

## ਕਰਵਾ ਚੌਥ

ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸਿੰਘ ਮਾਨ

ਜੱਸੀ ਦੀ ਪਤਨੀ ਹਰ ਸਾਲ ਕਰਵਾ ਚੌਥ ਦਾ ਵਰਤ  ਰੱਖਦੀ ਸੀ,ਪਰ ਐਤਕੀਂ ਉਸ ਨੇ ਵਰਤ ਨਹੀਂ ਰੱਖਿਆ ਸੀ। ਜੱਸੀ ਇਸ ਗੱਲ ਤੇ ਹੈਰਾਨ ਵੀ ਸੀ ਤੇ ਪਰੇਸ਼ਾਨ ਵੀ ਸੀ। ਉਸ ਨੇ ਹੌਸਲਾ ਕਰਕੇ ਪੁੱਛ ਹੀ ਲਿਆ, "ਪੰਮੀ, ਮੈਂ ਤੈਨੂੰ ਹਰ ਸਾਲ ਵਰਤ ਰੱਖਣ ਦਾ ਸਾਰਾ ਸਾਮਾਨ, ਸੂਟ ਤੇ ਚੂੜੀਆਂ ਲੈ ਕੇ ਦਿੰਦਾ ਰਿਹਾਂ। ਫੇਰ ਤੂੰ ਐਤਕੀਂ ਵਰਤ ਕਿਉਂ ਨ੍ਹੀ ਰੱਖਿਆ?"

" ਦੇਖੋ ਜੀ, ਮੈਂ ਅੱਜ ਤੋਂ ਇਹ ਮਨ ਬਣਾਇਐ ਕਿ ਮੈਂ ਇੱਕ ਦਿਨ ਵਰਤ ਰੱਖ ਕੇ ਤੁਹਾਡੀ ਲੰਬੀ ਉਮਰ ਦੀ ਕਾਮਨਾ ਕਰਨ ਦੀ ਥਾਂ ਹਰ ਰੋਜ਼ ਸਾਰੇ ਪਰਿਵਾਰ ਦੀ

ਚੰਗੀ ਸਿਹਤ ਤੇ ਸੁੱਖ, ਸ਼ਾਂਤੀ ਪ੍ਰਮਾਤਮਾ ਪਾਸੋਂ ਮੰਗਿਆ ਕਰਾਂਗੀ।ਤੁਹਾਨੂੰ ਕੋਈ ਇਤਰਾਜ਼ ਤਾਂ ਨ੍ਹੀ।"

"ਮੈਨੂੰ ਇਤਰਾਜ਼ ਕੀ ਹੋ ਸਕਦਾ? ਮੈਨੂੰ ਤਾਂ ਇਸ ਗੱਲ ਦੀ ਖ਼ੁਸ਼ੀ ਆ ਕਿ ਤੇਰੇ ਵਿਚਾਰਾਂ 'ਚ ਕਿੰਨੀ ਵੱਡੀ ਤਬਦੀਲੀ ਆ ਗਈ ਆ। ਪਰਿਵਾਰ ਦੇ ਇਕ ਜੀਅ ਦੇ ਥਾਂ ਸਾਰੇ ਜੀਆਂ ਨੂੰ ਸਿਹਤਮੰਦ ਤੇ ਖ਼ੁਸ਼ ਦੇਖਣ ਦੀ ਕਾਮਨਾ ਕਰਨੀ ਕੋਈ ਸਾਧਾਰਨ ਗੱਲ ਨ੍ਹੀ।ਮੇਰੇ ਦਿਲ 'ਚ ਪਹਿਲਾਂ ਵੀ ਤੇਰੇ ਲਈ ਬਹੁਤ ਸਤਿਕਾਰ ਸੀ, ਹੁਣ ਇਹ ਹੋਰ ਵੀ ਵੱਧ ਗਿਆ ਆ।"

ਏਨਾ ਕਹਿ ਕੇ ਉਹ ਪੰਮੀ ਵੱੱਲ ਵੇਖਣ ਲੱਗ ਪਿਆ ਤੇ ਫਿਰ ਉਹ ਦੋਵੇਂ ਜਣੇ ਮੁਸਕਰਾ ਪਏ।

## ਮਾਂ ਬੋਲੀ ਪੰਜਾਬੀ****




ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਮਾਂ ਬੋਲੀ ਪੰਜਾਬੀ ਸਾਡੀ ਸ਼ਾਨ

ਮਾਂ ਬੋਲੀ ਪੰਜਾਬੀ ਸਾਡੀ ਜਾਨ

ਅਨਮੋਲ ਹੈ ਮਾਂ ਬੋਲੀ ਪੰਜਾਬੀ
ਸਭ ਬੋਲੀਆਂ ਤੋਂ ਉੱਤਮ ਬੋਲੀ

ਇਕ ਪਾਸੇ ਸ਼ਾਹ ਬੋਲੀ
ਦੂਜੇ ਪਾਸੇ ਮਾਂ ਬੋਲੀ ਪੰਜਾਬੀ
ਲਹਿੰਦੇ, ਚੜ੍ਹਦੇ ਪੰਜਾਬ ਵਿੱਚ ਬੋਲੀ ਜਾਂਦੀ ਹੈ।
ਸਾਡੀ ਮਾਂ ਬੋਲੀ ਪੰਜਾਬੀ।

ਸਾਡੇ ਗੁਰੂਆਂ ਸਾਨੂੰ ਸੌਂਪੀ
ਪੰਜਾਬੀ।
ਮਾਖਿਓ ਮਿੱਠੀ ਪੰਜਾਬੀ ਮਾਂ ਬੋਲੀ।
ਮਾਂ ਬੋਲੀ ਪੰਜਾਬੀ ਦੀ ਟੋਹਰ ਨਵਾਬੀ।

ਇਸ ਵਰਗੀ ਕੋਈ ਹੋਰ ਬੋਲੀ ਨਾ।
ਦੇਸ਼ ਵਿਦੇਸ਼ਾਂ ਵਿਚ ਸਨਮਾਨ ਮਾਂ ਬੋਲੀ ਪੰਜਾਬੀ ਦਾ।
ਬੁਲ੍ਹੇ ਸ਼ਾਹ, ਵਾਰਿਸ ਬੋਲ ਗਏ ਇਸ ਨੂੰ ਬੋਲ।
ਗੁਰੂਆਂ ਦੀ ਬਾਣੀ ਪੰਜਾਬੀ ਵਿਚ।

ਮੈਂ ਦਿਲ ਦੇ ਜਜਬਾਤਾਂ ਨੂੰ ਲਿਖਾਂ ਪੰਜਾਬੀ ਵਿਚ।
ਪੂਰੀ ਦੁਨੀਆ ਵਿਚ ਭਾਸ਼ਾ ਵਿਚ ਪਾਇਆ ਦਸਵਾਂ ਸਥਾਨ
ਮਾਂ ਬੋਲੀ ਪੰਜਾਬੀ।
ਗਾਇਕੀ ਵੀ ਪੰਜਾਬੀ ਵਿਚ।

ਪੰਜਾਬੀ ਭਾਸ਼ਾ ਦਾ ਮਤਲਬ
ਪੰਜਾਬ।
ਅਜ ਮਾਂ ਬੋਲੀ ਪੰਜਾਬੀ ਨੂੰ ਹਰ ਕੋਈ ਸਮਝਦਾ ਹੈ।
ਸਕੂਲਾਂ ਵਿਚ ਤੀਜੀ ਭਾਸ਼ਾ ਪੰਜਾਬੀ ਹੈ।

ਮੈਨੂੰ ਮਾਂ ਬੋਲੀ ਪੰਜਾਬੀ ਤੇ ਮਾਣ ਹੈ।
ਮੈਂ ਹਰ ਰਤਨਾ ਮਾਂ ਬੋਲੀ ਪੰਜਾਬੀ ਵਿਚ ਲਿਖਦੀ ਹਾਂ।
ਵਾਹਿਗੁਰੂ ਜੀ ਕਰੇ ਮੈਂ ਮਾਂ ਬੋਲੀ ਪੰਜਾਬੀ ਦੀ ਸੇਵਾ ਕਰਦੀ ਰਹਾਂਗੀ।

## ਸ਼ੇਰ-ਏ-ਪੰਜਾਬ




ਮਹਾਂ ਸਿੰਘ ਤੇ ਰਾਜ ਕੌਰ ਦਾ, ਪੁੱਤ ਸੀ ਭਾਗਾਂ ਵਾਲਾ
ਰਣ ਨੂੰ ਜਿੱਤਣ ਵਾਲਾ ਜੰਮਿਆ, ਸ਼ਹਿਰ ਗੁੱਜਰਾਂਵਾਲਾ।

ਤੇਰਾਂ ਨਵੰਬਰ ਸਤਾਰਾਂ ਸੌ ਅੱਸੀ, ਜਨਮ ਰਾਜੇ ਦਾ ਹੋਇਆ
ਲੇਖਾਂ ਵਿੱਚ ਸੀ ਲਿਖਿਆ, ਉਹਦੇ ਹੱਥ 'ਚ ਰਾਜ ਸਮੋਇਆ।

ਸਿੱਖ, ਹਿੰਦੂ ਤੇ ਮੁਸਲਮਾਨਾਂ ਨੂੰ, ਬੰਨ੍ਹਿਆ ਵਿੱਚ ਇੱਕ ਧਾਗੇ
ਅੰਗਰੇਜ਼ਾਂ ਤੇ ਰੋਅਬ ਸੀ ਉਹਦਾ, ਆਉਂਦੇ ਨਾ ਉਹ ਲਾਗੇ।

ਸਿੱਖ-ਮਿਸਲਾਂ ਨੂੰ 'ਕੱਠਿਆਂ ਕੀਤਾ, ਕੀਤੀ ਦੂਰ-ਅੰਦੇਸ਼ੀ
ਉਹਦੀ ਸੈਨਾ ਵਿੱਚ ਫ਼ੌਜੀ ਸਨ, ਦੇਸੀ ਅਤੇ ਵਿਦੇਸ਼ੀ।

ਸਾਫ਼ ਤੇ ਸੱਚੀ-ਸੁੱਚੀ ਹੈਸੀ, ਉਸ ਰਾਜੇ ਦੀ ਨੀਤੀ
ਹਰਿਮੰਦਰ ਦੀ ਨਾਲ ਸੋਨੇ ਦੇ, ਖੁੱਲ੍ਹ ਕੇ ਸੇਵਾ ਕੀਤੀ।

ਸਭ ਧਰਮਾਂ ਦੇ ਸਭ ਲੋਕਾਂ ਦਾ, ਕਰਦਾ ਸੀ ਸਤਿਕਾਰ
ਭਲਾ ਮੰਗੇ ਸਰਬੱਤ ਦਾ, ਕਰਦਾ ਰਹਿੰਦਾ ਪਰਉਪਕਾਰ।

ਚੇਚਕ ਕਾਰਨ ਬਚਪਨ ਵਿੱਚ, ਇੱਕ ਅੱਖ ਤੇ ਹਮਲਾ ਹੋਇਆ
ਮੰਗੀ ਮਾਫ਼ੀ ਗਲ ਪੱਲਾ ਪਾ, ਜਾ ਤਖ਼ਤ ਦੇ ਸਾਹਵੇਂ ਖਲੋਇਆ।

ਅਫ਼ਗਾਨ, ਪਠਾਣ, ਫ਼ਰੰਗੀ ਵਿਰੋਧੀ, ਜਿੱਤੀਆਂ ਸਭ ਮੁਹਿੰਮਾਂ
ਜੋ ਅੜਿਆ ਸੋ ਝੜਿਆ, ਕੀ-ਕੀ ਦੱਸਾਂ ਕਿੰਨਾ-ਕਿੰਨਾ।

ਜੂਨ ਅਠਾਰਾਂ ਸੌ ਉਨਤਾਲੀ, ਦਿਨ ਸਤਾਈਵਾਂ ਆਇਆ
ਚਮਕ ਰਹੇ ਪੰਜਾਬ ਦੇ ਸੂਰਜ, ਉੱਤੇ ਬੱਦਲ ਛਾਇਆ।

ਸਤੀ ਹੋਈਆਂ ਕੁਝ ਰਾਣੀਆਂ, ਉਹਦੀ ਅਰਥੀ ਉੱਤੇ ਆ ਕੇ
ਦਿੱਤਾ ਸਬੂਤ ਪਿਆਰ ਦਾ ਏਦਾਂ, ਆਪਣਾ-ਆਪ ਮਿਟਾ ਕੇ।

ਮਹਾਂਬਲੀ ਤੇ ਪਰਉਪਕਾਰੀ, ਸੀ ਸਾਡਾ ਮਹਾਰਾਜਾ
ਅਟਕ ਵੀ ਰੋਕ ਨਾ ਸਕਿਆ ਉਹਨੂੰ, ਲਾਵੇ ਕੌਣ ਅੰਦਾਜ਼ਾ।

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

## ਰੱਬਾ-ਰੱਬਾ ਮੀਂਹ ਵਰਸਾ

ਰੱਬਾ-ਰੱਬਾ ਮੀਂਹ ਵਰਸਾ
ਸਾਡੀ ਕੋਠੀ ਦਾਣੇ ਪਾ
ਰੱਬਾ-ਰੱਬਾ ਮੀਂਹ ਵਰਸਾ

ਕਿੰਨੇ ਚਿਰ ਤੋਂ ਔੜ ਜਿਹੀ ਆ
ਵਰਖਾ ਦੀ ਹੁਣ ਲੋੜ ਜਿਹੀ ਆ
ਬੱਦਲ੍ਹਾਂ ਦੀ ਘਣਘੋਰ ਲਿਆ
ਰੱਬਾ-ਰੱਬਾ ਮੀਂਹ ਵਰਸਾ

ਫਸਲਾਂ ਹਰੀਆਂ ਭਰੀਆਂ ਕਰਦੇ
ਖੇਤਾਂ ਵਿੱਚ ਹਰਿਆਲੀ ਭਰਦੇ
ਦੂਣੇ ਕਰਦੇ ਸਾਡੇ ਚਾਅ
ਰੱਬਾ-ਰੱਬਾ ਮੀਂਹ ਵਰਸਾ

ਜੰਗਲ੍ਹਾਂ ਦੇ ਵਿੱਚ ਮੋਰ ਨਚਾਦੇ
ਕਣੀਆਂ ਜ਼ੋਰੋ ਜ਼ੋਰ ਲਿਆਦੇ
ਪੱਕਣ ਪੂੜੇ ਖੀਰ ਕੜਾਹ
ਰੱਬਾ-ਰੱਬਾ ਮੀਂਹ ਵਰਸਾ

ਸਭ ਨੂੰ ਖੁਸ਼ੀਆਂ ਦੇ ਵਿੱਚ ਰੰਗਦੇ
ਰਣਜੀਤ ਦੇ ਆੜੀ ਇਹੋ ਮੰਗਦੇ
ਸੱਤਰੰਗੀ ਤੂੰ ਪੀਂਘ ਚੜ੍ਹਾ
ਰੱਬਾ-ਰੱਬਾ ਮੀਂਹ ਵਰਸਾ



ਵਰਲਡ ਪੰਜਾਬੀ ਟਾਈਮਜ਼
ਰਣਜੀਤ ਸਿੰਘ ਹਠੂਰ

## ਪੁਲਿਸ ਵੱਲੋਂ ਸੇਵਾਮੁਕਤ ਹੋਏ ਅਧਿਕਾਰੀਆਂ/ਕਰਮਚਾਰੀਆਂ ਲਈ ਯਾਦਗਾਰੀ ਵਿਦਾਇਗੀ ਤੇ ਸਨਮਾਨ ਸਮਾਰੋਹ ਦਾ ਆਯੋਜਨ

### ਐਸ.ਐਸ.ਪੀ. ਵੱਲੋਂ ਰਿਟਾਇਰ ਹੋ ਰਹੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਉਹਨਾ ਦੀਆਂ ਬੇਮਿਸਾਲ ਸੇਵਾਵਾਂ ਲਈ ਵਧਾਈ ਦਿੱਤੀ

### ਰਿਟਾਇਰ ਹੋਣ ਵਾਲੇ ਕਰਮਚਾਰੀਆਂ ਨੂੰ ਵਿਦਾ ਕਰਦੇ ਹੋਏ ਪੁਲਿਸ ਅਧਿਕਾਰੀਆਂ ਨੇ ਕੀਤੀ ਫੁੱਲਾਂ ਦੀ ਵਰਖਾ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 1 ਜੁਲਾਈ : ਡਾ. ਪ੍ਰਗਿਆ ਜੈਨ ਐਸ.ਐਸ.ਪੀ. ਦੇ ਨਿਰਦੇਸ਼ਾਂ ਤਹਿਤ ਫਰੀਦਕੋਟ ਪੁਲਿਸ ਵੱਲੋਂ ਅੱਜ ਪੁਲਿਸ ਲਾਈਨ ਫਰੀਦਕੋਟ ਵਿਖੇ ਇੱਕ ਸਨਮਾਨ ਸਮਾਰੋਹ ਦਾ ਆਯੋਜਨ ਕਰਕੇ ਜ਼ਿਲ੍ਹਾ ਫਰੀਦਕੋਟ ਵਿੱਚ ਆਪਣੀਆਂ ਸੇਵਾਵਾਂ ਦੇਣ ਤੋਂ ਬਾਅਦ ਇਸ ਮਹੀਨੇ ਵਿੱਚ ਸੇਵਾਮੁਕਤ ਹੋਏ ਡਿਪਟੀ ਸੁਪਰਡੈਂਟ ਆਫ ਪੁਲਿਸ (ਹੋਮਿਸਾਈਡ ਐਂਡ ਫੌਰੇਂਸਿਕ) ਰਾਜ ਕੁਮਾਰ ਅਤੇ ਹੋਰ ਤਿੰਨ ਪੁਲਿਸ ਕਰਮਚਾਰੀਆਂ ਨੂੰ ਵਿਦਾਇਗੀ ਦਿੱਤੀ ਗਈ। ਸੇਵਾ ਮੁਕਤ ਹੋਣ ਵਾਲੇ ਹੋਰ ਕਰਮਚਾਰੀਆਂ ਵਿੱਚ ਥਾਣੇਦਾਰ ਸਰਬਜੀਤ ਸਿੰਘ, ਸਹਾਇਕ ਥਾਣੇਦਾਰ ਸੁਖਦੇਵ ਸਿੰਘ ਅਤੇ ਸਹਾਇਕ ਥਾਣੇਦਾਰ ਰਤਨ ਲਾਲ ਸ਼ਾਮਲ ਸਨ। ਇਹ ਸਮਾਰੋਹ ਡਾ. ਪ੍ਰਗਿਆ ਜੈਨ ਐਸ.ਐਸ.ਪੀ ਫਰੀਦਕੋਟ ਦੀ ਅਗਵਾਈ ਹੇਠ ਮਨਾਇਆ ਗਿਆ, ਜਿਨ੍ਹਾਂ ਨੇ ਰਿਟਾਇਰ ਹੋ ਰਹੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਬੇਮਿਸਾਲ ਸੇਵਾਵਾਂ ਲਈ ਉਨ੍ਹਾਂ ਨੂੰ ਹਾਰਦਿਕ ਵਧਾਈ ਦਿੱਤੀ। ਉਹਨਾਂ



ਕਿਹਾ ਕਿ "ਇਹ ਅਧਿਕਾਰੀ ਅਤੇ ਕਰਮਚਾਰੀ ਸੇਵਾ ਦੌਰਾਨ ਕਈ ਮੁਸ਼ਕਿਲ ਪਲਾਂ 'ਚ ਹੌਂਸਲੇ ਨਾਲ ਡਟੇ ਰਹੇ ਅਤੇ ਪੰਜਾਬ ਦੀ ਸ਼ਾਂਤੀ, ਕਾਨੂੰਨ ਵਿਵਸਥਾ ਅਤੇ ਲੋਕਾਂ ਦੀ ਰੱਖਿਆ ਲਈ ਆਪਣੀ ਡਿਊਟੀ ਨੂੰ ਪ੍ਰਾਥਮਿਕਤਾ ਦਿੱਤੀ। ਉਨ੍ਹਾਂ ਦੀ ਸੇਵਾ ਸਦਾ ਯਾਦਗਾਰ ਰਹੇਗੀ। ਇਸ ਮੌਕੇ ਡਿਪਟੀ ਸੁਪਰਡੈਂਟ ਆਫ ਪੁਲਿਸ (ਹੋਮਿਸਾਈਡ ਐਂਡ ਫੌਰੇਂਸਿਕ) ਰਾਜ ਕੁਮਾਰ ਨੇ ਕਿਹਾ ਕਿ ਉਹ ਆਪਣੀ ਪੁਲਿਸ ਸੇਵਾ ਦੌਰਾਨ ਮਿਲੇ ਤਜਰਬਿਆਂ, ਚੁਣੌਤੀਆਂ ਅਤੇ ਸਫਲਤਾਵਾਂ ਨੂੰ ਸਦਾ ਯਾਦ ਰੱਖਣਗੇ। ਉਨ੍ਹਾਂ ਨੇ ਐਸ.ਐਸ.ਪੀ. ਅਤੇ ਫਰੀਦਕੋਟ ਪੁਲਿਸ ਪਰਿਵਾਰ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਉਨ੍ਹਾਂ ਦੀ ਸੇਵਾ ਨੂੰ ਸਨਮਾਨਤ ਕਰਕੇ ਇਹ ਵਿਸ਼ੇਸ਼ ਸਮਾਰੋਹ ਆਯੋਜਿਤ ਕੀਤਾ। ਉਨ੍ਹਾਂ ਇਸ ਦੌਰਾਨ ਪੁਲਿਸ ਅਧਿਕਾਰੀਆਂ ਨੂੰ ਸੁਨੇਹਾ ਦਿੰਦਿਆਂ ਕਿਹਾ ਕਿ "ਜਦੋਂ ਅਸੀਂ ਆਪਣੀ ਡਿਊਟੀ ਨੂੰ ਸੇਵਾ ਭਾਵ ਅਤੇ ਤਹਿ ਦਿਲੋਂ ਨਿਭਾਉਂਦੇ ਹਾਂ, ਤਾਂ ਉਹ ਸੇਵਾ ਯਾਦਗਾਰ ਬਣ ਜਾਂਦੀ ਹੈ। ਸਮਾਰੋਹ ਦੇ ਅੰਤ ਵਿੱਚ ਮਨਵਿੰਦਰਬੀਰ ਸਿੰਘ ਐਸ.ਪੀ. (ਸਥਾਨਿਕ) ਫਰੀਦਕੋਟ ਅਤੇ ਸੰਦੀਪ ਕੁਮਾਰ ਐਸ.ਪੀ. (ਇੰਨਵੈਸਟੀਗੇਸ਼ਨ) ਫਰੀਦਕੋਟ ਵੱਲੋਂ ਸੇਵਾ ਮੁਕਤ ਹੋ ਰਹੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਯਾਦਗਾਰੀ ਮੋਮੈਂਟੋ ਭੇਟ ਕੀਤੇ ਗਏ ਅਤੇ ਉਨ੍ਹਾਂ ਦੇ ਸੁਨਿਹਰੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ ਗਈਆਂ। ਇਸਦੇ ਨਾਲ ਹੀ ਰਿਟਾਇਰਮੈਂਟ ਹੋਣ ਵਾਲੇ ਕਰਮਚਾਰੀਆਂ ਨੂੰ ਵਿਦਾ ਕਰਦਿਆਂ ਪੁਲਿਸ ਅਧਿਕਾਰੀਆ ਵੱਲੋਂ ਫੁੱਲਾ ਦੀ ਵਰਖਾ ਵੀ ਕੀਤੀ ਗਈ। ਇਸ ਮੌਕੇ ਮਨਵਿੰਦਰਬੀਰ ਸਿੰਘ ਐਸ.ਪੀ. (ਸਥਾਨਿਕ) ਫਰੀਦਕੋਟ, ਸੰਦੀਪ ਕੁਮਾਰ ਐਸ.ਪੀ (ਇੰਨਵੈਸਟੀਗੇਸ਼ਨ) ਫਰੀਦਕੋਟ, ਚਰਨਜੀਵ ਲਾਬਾ ਡੀ.ਐਸ.ਪੀ (ਐਨ.ਡੀ.ਪੀ.ਐਸ) ਫਰੀਦਕੋਟ, ਅਰੁਣ ਮੁੰਡਨ, ਡੀ.ਐਸ.ਪੀ. (ਡੀ) ਫਰੀਦਕੋਟ, ਰਾਜਨ ਪਾਲ ਡੀ.ਐਸ.ਪੀ(ਸੀ. ਐਡ ਡਬਲਿਊ) ਫਰੀਦਕੋਟ, ਜਗਤਾਰ ਸਿੰਘ ਡੀ.ਐਸ.ਪੀ ਸਮੇਤ ਹੋਰ ਵੀ ਪੁਲਿਸ ਅਧਿਕਾਰੀ ਅਤੇ ਥਾਣਿਆਂ ਦੇ ਕਰਮਚਾਰੀ ਵੀ ਹਾਜਰ ਸਨ।